# ਗਰਭ ਅਵਸਥਾ ਦੌਰਾਨ ਖਤਰੇ ਦੇ ਚਿੰਨ੍ਹ

## ਜਾਣ-ਪਛਾਣ

- ਜ਼ਿਆਦਾਤਰ ਔਰਤਾਂ ਦੀ ਗਰਭ ਅਵਸਥਾ ਬਿਨਾਂ ਕਿਸੇ ਗੰਭੀਰ ਸਮੱਸਿਆ ਦੇ ਗੁਜ਼ਰ ਜਾਂਦੀ ਹੈ। ਗਰਭ ਅਵਸਥਾ ਦੀਆਂ ਸਧਾਰਨ ਦਿੱਕਤਾਂ ਵਿੱਚ ਦਿਲ ਦੀ ਜਲਣ, ਪਿੱਠ ਦਾ ਦਰਦ, ਛਾਤੀ ਦਾ ਸੋਜਿਸ਼, ਅਤੇ ਥਕਾਵਟ ਸ਼ਾਮਿਲ ਹਨ।



- ਫਿਰ ਵੀ, ਗਰਭ ਅਵਸਥਾ ਅਤੇ ਬੱਚੇ ਨੂੰ ਜਨਮ ਦੇਣ ਸਮੇਂ ਕੁਝ ਅਜਿਹਿਆਂ ਦਿੱਕਤਾਂ ਪੈਦਾ ਹੋ ਸਕਦੀਆਂ ਹਨ ਜੋ ਮਾਂ, ਬੱਚੇ ਜਾ ਦੋਵਾਂ ਦੇ ਜੀਵਨ ਲਈ ਖ਼ਤਰਾ ਪੈਦਾ ਕਰ ਸਕਦੀਆਂ ਹਨ।
- ਔਰਤਾਂ ਵਿੱਚ ਕੁਝ ਦਿੱਕਤਾਂ ਦੀ ਜਲਦ ਹੀ ਪਹਿਚਾਣ ਕਰਨਾ ਸੰਭਵ ਹੋ ਜਾਂਦਾ ਹੈ ਜੇ ਉਹਨਾਂ ਦਾ ਨਿਯਮਿਤ ਪ੍ਰਸਵ-ਪੂਰਵ ਚੈਕ-ਅਪ ਕੀਤਾ ਜਾਂਦਾ ਹੈ।
- ਇਹਨਾਂ ਖਤਰਿਆਂ ਦੀ ਪਹਿਚਾਣ ਕਰਨਾ ਆਂਗਨਵਾੜੀ ਵਰਕਰ ਦੀ ਇਹ ਜਾਣਨ ਵਿੱਚ ਮਦਦ ਕਰ ਸਕਦਾ ਹੈ ਕਿ ਇੱਕ ਗਰਭਵਤੀ ਔਰਤ ਨੂੰ ਸਿਹਤ-ਕਰਮੀ ਤੋਂ ਵਿਸ਼ੇਸ਼ ਸੰਭਾਲ ਦੀ ਲੋੜ ਕਦੋਂ ਪੈ ਸਕਦੀ ਹੈ।
- ਜੇ ਸਮੇਂ ਸਿਰ ਉਪਚਾਰ ਨਹੀਂ ਹੁੰਦਾ, ਤਾਂ ਇਸਦਾ ਨਤੀਜਾ ਔਰਤ ਜਾਂ ਬੱਚਾ ਜਾਂ ਦੋਵਾਂ ਦੀ ਮੌਤ ਜਾਂ ਅਯੋਗਤਾ ਹੋ ਸਕਦਾ ਹੈ।
- ਖਤਰੇ ਦੇ ਚਿੰਨ੍ਹਾਂ ਵਾਲੀ ਇੱਕ ਗਰਭਵਤੀ ਔਰਤ ਨੂੰ ਫੀਲਡ ਰੈਫਰਲ ਯੂਨਿਟ/ਹਸਪਤਾਲ ਤੋਂ ਡਾਕਟਰੀ ਸਲਾਹ ਲੈਣੀ ਚਾਹੀਦੀ ਹੈ।

### ਗਰਭ ਅਵਸਥਾ ਦੌਰਾਨ ਜ਼ੋਖਿਮ ਕਾਰਕ

- ਛੋਟੇ ਕੱਦ ਦੀਆਂ ਔਰਤਾਂ (145 ਸੇਮੀ ਜਾਂ 4 ਫੁੱਟ 10 ਇੰਚ ਤੋਂ ਘੱਟ ਕੱਦ)।
- 18 ਸਾਲ ਤੋਂ ਘੱਟ ਜਾਂ 35 ਸਾਲ ਤੋਂ ਵੱਧ ਉਮਰ।
- ਕਿਸੇ ਮੈਡੀਕਲ ਸਮੱਸਿਆ ਜਿਵੇਂ ਦਿਲ ਦਾ ਰੋਗ, ਸ਼ੂਗਰ, ਟੀਬੀ, ਮਲੇਰੀਆ, ਅਨੀਮਿਆ ਅਤੇ ਹੋਰ ਮੈਡੀਕਲ ਸਮੱਸਿਆ ਦਾ ਇਤਿਹਾਸ।
- ਪਹਿਲੀ ਤਿਮਾਹੀ ਵਿੱਚ 38 ਕਿ.ਗ੍ਰਾ ਤੋਂ ਘੱਟ ਵਜ਼ਨ।
- ਪਿਛਲੀ ਗਰਭ ਅਵਸਥਾ ਵਿੱਚ ਸਮੱਸਿਆਵਾਂ ਪ੍ਰਸੂਤੀ ਦਾ ਮਾੜਾ ਇਤਿਹਾਸ ਜਾਂ ਪਿਛਲਾ ਸਜੇਰੀਅਨ ਆਪਰੇਸ਼ਨ।
- ਗਰਭ ਅਵਸਥਾ ਵਿੱਚ ਮਲੇਰੀਆ।
- ਭਰੂਣ ਦੀ ਹਰਕਤ ਦਾ ਧੀਮਾ/ਬੰਦ ਹੋਣਾ।
- ਵਰਤਮਾਨ ਗਰਭ ਅਵਸਥਾ ਵਿੱਚ ਸਮੱਸਿਆਵਾਂ :
  - ਗਰਭ ਅਵਸਥਾ ਦੌਰਾਨ ਕਿਸੇ ਸਮੇਂ ਵੀ ਖੂਨ ਵਹਿਣਾ।
  - ਅਸਧਾਰਨ ਦਿਖਣਾ।
  - ਗਰਭ ਅਵਸਥਾ ਦੌਰਾਨ ਤਨਾਅ ਵਧਣਾ।
  - ਗੰਭੀਰ ਅਨੀਮੀਆ।
  - ਜੁੜਵਾਂ ਬੱਚੇ, ਬਹੁਤ ਜ਼ਿਆਦਾ ਫੁੱਲੀ ਬੱਚੇਦਾਨੀ।

## ਖਤਰੇ ਦੇ ਚਿੰਨ੍ਹ:

| | |
|---|---|
| **ਗਰਭ ਅਵਸਥਾ ਜਾਂ ਡਿਲੀਵਰੀ ਦੌਰਾਨ ਖੂਨ ਵਹਿਣਾ:**<br>• ਗਰਭ ਅਵਸਥਾ ਦੌਰਾਨ ਖੂਨ ਵਹਿਣਾ ਜਾਂ ਡਿਲੀਵਰੀ ਦੌਰਾਨ/ਬਾਅਦ ਜ਼ਿਆਦਾ ਖੂਨ ਵਹਿਣਾ ਮਾਂ ਅਤੇ/ਜਾਂ ਬੱਚੇ ਲਈ ਘਾਤਕ ਹੋ ਸਕਦਾ ਹੈ।<br>• ਔਰਤ ਨੂੰ ਤੁਰੰਤ ਹਸਪਤਾਲ ਲੈ ਜਾਣਾ ਚਾਹੀਦਾ ਹੈ। |  |
| **ਸਾਹ ਲੈਣ ਵਿੱਚ ਦਿੱਕਤ ਦੇ ਨਾਲ ਜਾਂ ਇਸ ਤੋਂ ਬਿਨਾਂ ਗੰਭੀਰ ਅਨੀਮੀਆ:**<br>• ਗੰਭੀਰ ਅਨੀਮੀਆ ਵਾਲੀਆਂ ਔਰਤਾਂ ਦੀਆਂ ਅੱਖਾਂ, ਨਹੁੰ ਅਤੇ ਹਥੇਲੀਆਂ ਪੀਲੀਆਂ ਪੈ ਜਾਂਦੀਆਂ ਹਨ। ਉਹਨਾਂ ਨੂੰ ਸਾਹ ਦੀ ਕਮੀ ਹੋ ਵੀ ਸਕਦੀ ਹੈ।<br>• ਇਸ ਕਾਰਨ ਲਈ ਹੋਰ ਜਟਿਲਤਾਵਾਂ ਜਿਵੇਂ ਬੱਚੇ ਦੇ ਜਨਮ ਦੌਰਾਨ ਦਿਲ ਫੇਲ ਹੋਣਾ, ਸਮੇਂ ਤੋਂ ਪਹਿਲਾਂ ਜਣੇਪਾ ਅਤੇ ਗਰਭ ਅਵਸਥਾ ਦੌਰਾਨ ਸੰਕਰਮਣ ਹੋ ਸਕਦੇ ਹਨ।<br>• ਗੰਭੀਰ ਅਨੀਮੀਆ ਵਾਲੀ ਗਰਭਵਤੀ ਔਰਤ ਨੂੰ ਹਸਪਤਾਲ ਲੈ ਜਾਣਾ ਜਰੂਰੀ ਹੁੰਦਾ ਹੈ। |  |
| **ਗਰਭ ਅਵਸਥਾ ਦੌਰਾਨ ਜਾਂ ਡਿਲੀਵਰੀ ਤੋਂ ਇੱਕ ਮਹੀਨੇ ਅੰਦਰ ਤੇਜ਼ ਬੁਖਾਰ ਹੋਣਾ:**<br>• ਇਸ ਸਥਿਤੀ ਵਿੱਚ, ਉਸਨੂੰ ਤੁਰੰਤ ਹਸਪਤਾਲ ਲੈ ਜਾਣਾ ਚਾਹੀਦਾ ਹੈ।<br>• ਤੇਜ਼ ਬੁਖਾਰ ਔਰਤ ਵਿੱਚ ਕਿਸੇ ਸੰਕਰਮਣਾਂ ਦਾ ਸੰਕਤ ਹੈ। ਇਹ ਪਲ ਰਹੇ ਬੱਚੇ ਲਈ ਖਤਰਨਾਕ ਹੋ ਸਕਦਾ ਹੈ।<br>• ਔਰਤ ਨੂੰ ਲੈ ਜਾਣ ਦੌਰਾਨ ਢੱਕ ਕੇ ਅਤੇ ਨਿੱਘ ਵਿੱਚ ਰੱਖਣਾ ਚਾਹੀਦਾ ਹੈ।<br>• ਗਿੱਲੀ, ਠੰਡੀ ਪੱਟੀ ਨੂੰ ਬੁਖਾਰ ਘਟਾਉਣ ਲਈ ਵਰਤਿਆ ਜਾ ਸਕਦਾ ਹੈ। |  |
| **ਦੌਰੇ, ਨਜ਼ਰ ਦਾ ਧੁੰਦਲਾਪਣ, ਸਿਰਦਰਦ, ਅਚਾਨਕ ਪੈਰਾਂ ਦੀ ਸੋਜਿਸ਼:**<br>• ਇਸ ਸਥਿਤੀ ਕਾਰਨ ਮਾਂ ਅਣਜੰਮੇ ਬੱਚੇ ਦੇ ਦਿਮਾਗ ਦੀ ਹਾਨੀ/ਮੌਤ ਹੋ ਸਕਦੀ ਹੈ।<br>• ਇਸ ਸਥਿਤੀ ਵਿੱਚ ਵੀ, ਉਸਨੂੰ ਜਲਦ ਤੋਂ ਜਲਦ ਹਸਪਤਾਲ ਲੈ ਜਾਇਆ ਜਾਣਾ ਚਾਹੀਦਾ ਹੈ। |  |
| **12 ਘੰਟੇ ਤੋਂ ਵੱਧ ਦੀ ਪ੍ਰਸਵ-ਪੀੜਾ:**<br>• ਔਰਤ ਨੂੰ ਤੁਰੰਤ ਹਸਪਤਾਲ ਲੈ ਜਾਇਆ ਜਾਣਾ ਚਾਹੀਦਾ ਹੈ।<br>• ਔਰਤ ਦੀ ਬੱਚਾ ਜਣਨ ਦੀ ਪ੍ਰਕਿਰਿਆ ਡਾਕਟਰ ਦੀ ਮੌਜੂਦਗੀ ਵਿੱਚ ਹੋਣੀ ਚਾਹੀਦੀ ਹੈ। |  |
| **ਪ੍ਰਸਵ ਪੀੜ ਤੋਂ ਬਿਨਾਂ ਪਾਣੀ ਦੀ ਥੈਲੀ ਫਟਣਾ:**<br>• ਪਾਣੀ ਦੀ ਥੈਲੀ ਫਟਣ ਦੀ ਸਥਿਤੀ ਵਿੱਚ ਔਰਤ ਅਤੇ ਬੱਚੇ ਵਿੱਚ ਸੰਕਰਮਣ ਹੋਣ ਦੇ ਖਤਰੇ ਵਧ ਜਾਂਦੇ ਹਨ।<br>• ਔਰਤ ਨੂੰ ਤੁਰੰਤ ਹਸਪਤਾਲ ਲੈ ਜਾਣਾ ਚਾਹੀਦਾ ਹੈ।<br>• ਔਰਤ ਦੀ ਬੱਚਾ ਜਣਨ ਦੀ ਪ੍ਰਕਿਰਿਆ ਡਾਕਟਰ ਦੀ ਮੌਜੂਦਗੀ ਵਿੱਚ ਹੋਣੀ ਚਾਹੀਦੀ ਹੈ। |  |